ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,
ਐਸ. ਸੀ. ਓ ਨੰ. 104106, ਸੈਕਟਰ 34 ਏ, ਚੰਡੀਗੜ੍ਹ

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਰਾਜ ਦੇ ਸਮੂਹ ਸੀਨੀਅਰ ਸੈਕੰਡਰੀ ਸਕੂਲਾਂ ਦੇ ਮੁੱਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ ਸਸਅ/ਕੋਆਰਡੀਨੇਸ਼ਨ/09/000368
ਮਿਤੀ ਚੰਡੀਗੜ੍ਹ 01 ਜਨਵਰੀ, 2010

**ਵਿਸ਼ਾ ਕਾਲਜ ਅਤੇ ਯੂਨੀਵਰਸਿਟੀ ਵਿਦਿਆਰਥੀਆਂ ਲਈ ਸੈਂਟਰ ਸੈਕਟਰ ਸਕੀਮ ਆਫ ਸਕਾਲਰਸ਼ਿਪ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਬਾਰ੍ਹਵੀ ਕਲਾਸ ਦੇ ਜੋ ਵਿਦਿਆਰਥੀਆਂ ਦੇ 80 ਪ੍ਰਤਿਸ਼ਤ ਨੰਬਰ ਪ੍ਰਾਪਤ ਕਰਦੇ ਹਨ, ਨੂੰ ਗਰੈਜੂਏਸ਼ਨ ਕਰਨ ਲਈ ਸਰਕਾਰ ਵੱਲੋਂ ਮਹੀਨਾਵਾਰ ਵਜੀਫਾ ਦਿੱਤਾ ਜਾਵੇਗਾ । ਇਹ ਵਜੀਫਾ ਬਾਰ੍ਹਵੀ ਜਮਾਤ ਤੋਂ ਬਾਅਦ ਪੜ੍ਹਾਈ ਕਰਨ ਲਈ 10,000 ਰੁਪਏ (ਇੱਕ ਹਜਾਰ ਰੁਪਏ ਦਸ ਮਹੀਨਿਆਂ ਲਈ) ਅਤੇ ਇਹੋ ਜਿਹੇ ਵਿਦਿਆਰਥੀ ਜੇਕਰ ਉਹ ਪੋਸਟ ਗਰੈਜੂਏਸ਼ਨ ਕਰਦੇ ਹਨ ਤਾਂ 20,000 ਰੁਪਏ ( 2,000 ਰੁਪਏ ਪ੍ਰਤਿ ਮਹੀਨਾ ਦਸ ਮਹੀਨਿਆਂ ਲਈ) ਦਿੱਤੇ ਜਾਣਗੇ । ਪੰਜਾਬ ਰਾਜ ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਨੂੰ ਕੁੱਲ 1902 ਵਜੀਫੇ ਹੀ 3:2:1 ਦੀ ਰੇਸ਼ੋ ਵਿੱਚ ਸਾਇੰਸ, ਕਮਰਸ ਅਤੇ ਆਰਟਸ ਦੀ ਸਟ੍ਰੀਮ ਦੇ ਬੱਚਿਆਂ ਨੂੰ ਮਿਲਣਗੇ ।

3.0 ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਸਰਕਾਰ ਦੀ ਇਸ ਸਕੀਮ ਬਾਰੇ ਆਪਣੇ ਆਪਣੇ ਸਕੂਲਾਂ ਵਿੱਚ ਸਾਰੇ ਵਿਦਿਆਰਥੀਆਂ ਨੂੰ ਇਸ ਸਕੀਮ ਬਾਰੇ ਜਾਣੂ ਕਰਵਾ ਦਿੱਤਾ ਜਾਵੇ ਜੀ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਨੱਥੀ / ਸਕੀਮ